ਨੰ 954-958

ਪੰਜਾਬ ਸਰਕਾਰ
ਭਲਾਈ ਵਿਭਾਗ
(ਭਲਾਈ ਸੈਲ ਨਾਨ ਪਲਾਨ)

ਸੇਵਾ ਵਿਖੇ,

1. ਵਧੀਕ ਮੁੱਖ ਸੱਕਤਰ, ਪੰਜਾਬ ਸਰਕਾਰ,
ਪਸੂ ਪਾਲਣ ਵਿਭਾਗ;

2. ਪ੍ਰਮੁੱਖ ਸੱਕਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ

3. ਪ੍ਰਮੁੱਖ ਸੱਕਤਰ, ਪੰਜਾਬ ਸਰਕਾਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ;

4. ਸੱਕਤਰ, ਪੰਜਾਬ ਸਰਕਾਰ,
ਉਚੇਰੀ ਸਿੱਖਿਆ ਵਿਭਾਗ;

5. ਸੱਕਤਰ, ਪੰਜਾਬ ਸਰਕਾਰ,
ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ।

ਮਿਤੀ: 12ਅਗਸਤ, 2015

ਵਿਸ਼ਾ:- ਪੋਸਟ ਮੈਟ੍ਰਿਕ ਸ਼ਕਾਲਰਸਿਪ ਟੂ ਐਸ.ਸੀ. ਸਕੀਮ ਤਹਿਤ ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਸਬੰਧੀ।

ਡਾਇਰੈਕਟਰ, ਭਲਾਈ ਵਿਭਾਗ,ਪੰਜਾਬ ਵਲੋਂ ਮਿਤੀ 22-7-2014 ਨੂੰ ਜਾਰੀ ਹਦਾਇਤਾਂ "ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਜਰੂਰੀ ਨਾ ਮੋੜਨ ਯੋਗ ਫੀਸ ਲਏ ਬਿਨਾਂ ਦਾਖਲਾ ਦੇਣ ਦੀਆਂ ਹਦਾਇਤਾਂ" ਖਾਰਜ ਕਰਦੇ ਹੋਏ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਸਿਵਲ ਰਿੱਟ ਪਟੀਸ਼ਨ 15455/2014 ਦੇ ਮਿਤੀ 10-10-2014 ਦੇ ਫੈਸਲੇ ਵਿੱਚ ਹੇਠ ਅਨੁਸਾਰ ਲਿਖਿਆ ਗਿਆ ਹੈ:-

*"It is open to any of the institutes to avail to itself the benefit of transfer of grants from the State Government and such of those institutes who wish to avail of such a benefit may continue to enjoy that benefit but they shall not be permitted to collect tuition fee from the students. This direction of what I have given is only applicable to such of those institutes which do not want to avail the benefit of transfer of funds from the State Government in which case they shall be at liberty to collect the fee directly from the students."*

------ ------ ------ -------

*The counsel appearing on behalf of the State points out that some of the colleges have actually collected fee from the students and they have also claimed amounts from the State. To prevent such an occurrence any college that collects fees from the SC students shall in the receipt endorse a declaration that it will not claim any amount from the State that purports to defray admission fee or other charges pay able on behalf of SC students under Post Matric Scholarship Scheme. If any college opts to avail of the transfer of funds from the Government, it shall not be required to give such a written undertaking engrossed in the receipt for the collection of fee.*

*ਇਸ ਲਈ ਉਪਰੋਕਤ ਫੈਸਲੇ ਅਨੁਸਾਰ*

1. ਪੰਜਾਬ ਰਾਜ ਦੀਆਂ ਸਮੂਹ ਸਰਕਾਰੀ ਸੰਸਥਾਵਾਂ ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਦਾਖਲੇ ਦੇ ਸਮੇਂ ਜਰੂਰੀ ਨਾ ਮੋੜਨ ਯੋਗ ਫੀਸਾਂ ਲਏ ਬਿਨ੍ਹਾਂ ਦਾਖਲਾ ਦੇਣਗੀਆਂ। ਫੀਸਾਂ ਦੀ ਅਦਾਇਗੀ ਸੰਸਥਾਵਾ ਅਤੇ ਮੈਟੀਨੈਂਸ ਅਲਾਊਂਸ ਵਿਦਿਆਰਥੀਆ ਦੇ ਖਾਤਿਆ ਵਿੱਚ ਆਨ ਲਾਈਨ ਸਿਸਟਮ ਰਾਹੀਂ ਕੀਤੀ ਜਾਵੇਗੀ;

2. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਉਪਰੋਕਤ ਫੈਸਲੇ ਮਿਤੀ 10-10-2014 ਅਨੁਸਾਰ ਜਿਹੜੀਆਂ ਏਡਿਡ ਅਤੇ ਅਣ-ਏਡਿਡ ਮਾਨਤਾ ਪ੍ਰਾਪਤ ਸੰਸਥਾਵਾਂ, ਯੋਗ ਅਨੁਸੂਚਿਤ ਜਾਤੀਆਂਦੇ ਵਿਦਿਆਰਥੀਆ ਤੋਂ ਜਰੂਰੀ ਨਾ-ਮੋੜਨ ਯੋਗ ਫੀਸਾਂ ਲੈਣਗੀਆਂ,ਉਹ ਸੰਸਥਾਵਾਂ ਦਾਖਲਾ

ਫੀਸ ਦੀ ਰਸੀਦ ਵਿੱਚ ਬਕਾਇਦਾ ਲਿਖਤੀ ਰੂਪ ਵਿੱਚ ਅੰਡਰ-ਟੇਕਿੰਗ ਦੇਣਗੀਆਂ ਕਿ ਉਹ ਜਰੂਰੀ ਨਾ ਮੋੜ੍ਹਨ ਯੋਗ ਫੀਸਾ ਦਾ ਕਲੇਮ ਸਰਕਾਰ ਤੋਂ ਨਹੀਂ ਕਰਨਗੀਆਂ ਅਤੇ ਅਜਿਹੇ ਵਿਦਿਆਰਥੀਆਂ ਨੂੰ ਜਰੂਰੀ ਨਾ ਮੋੜ੍ਹਨ ਯੋਗ ਫੀਸਾਂ ਅਤੇ ਮੈਂਟੀਨੇਂਸ ਅਲਾਊਂਸ ਦੀ ਅਦਾਇਗੀ, ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਆਨ-ਲਾਈਨ ਬੈਂਕਿੰਗ ਮੈਨੇਜਮੈਂਟ ਸਿਸਟਮ ਰਾਹੀਂ ਭਲਾਈ ਵਿਭਾਗ ਵੱਲੋਂ ਕੀਤੀ ਜਾਵੇਗੀ;

3. ਪੰਜਾਬ ਰਾਜ ਦੀਆਂ ਏਡਿਡ ਅਤੇ ਅਨਏਡਿਡ ਮਾਨਤਾ ਪ੍ਰਾਪਤ ਸੰਸਥਾਵਾਂ, ਜਿਹੜੀਆਂ ਅਨੁਸੂਚਿਤ ਜਾਤੀਆਂ ਦੇ ਯੋਗ ਵਿਦਿਆਰਥੀਆਂ ਨੂੰ ਜਰੂਰੀ ਨਾ ਮੋੜਣ ਯੋਗ ਫੀਸਾ ਲਏ ਬਿਨ੍ਹਾਂ ਦਾਖਲਾ ਦੇਣਗੀਆਂ, ਫੀਸਾਂ ਦੀ ਪ੍ਰਤੀ ਪੂਰਤੀ ਆਪਣੇ ਲਾਗੂ ਕਰਤਾ ਵਿਭਾਗ ਰਾਹੀਂ ਭਲਾਈ ਵਿਭਾਗ ਤੋਂ ਕਰ ਸਕਦੀਆਂ ਹਨ। ਜਰੂਰੀ ਨਾ ਮੋੜ੍ਹਨ ਯੋਗ ਫੀਸਾ ਸੰਸਥਾਵਾਂ ਦੇ ਬੈਂਕ ਖਾਤਿਆਂ ਵਿੱਚ ਅਤੇ ਮੈਂਟੀਨੇਂਸ ਅਲਾਊਂਸ ਦੀ ਅਦਾਇਗੀ, ਵਿਦਿਆਰਥੀਆ ਦੇ ਬੈਂਕ ਖਾਤਿਆਂ ਵਿੱਚ ਆਨ-ਲਾਈਨ ਬੈਂਕਿੰਗ ਮੈਨੇਜਮੈਂਟ ਸਿਸਟਮ ਰਾਹੀਂ ਭਲਾਈ ਵਿਭਾਗ ਵੱਲੋ ਕੀਤੀ ਜਾਵੇਗੀ;

4. ਭਲਾਈ ਵਿਭਾਗ, ਪੋਸਟ ਮੈਟ੍ਰਿਕ ਸਕਾਲਰਸਿਪ ਟੂ ਐਸ.ਸੀ. ਸਕੀਮ ਤਹਿਤ ਸਾਲ 2015-16 ਦੌਰਾਨ ਭਾਰਤ ਸਰਕਾਰ ਦੀ ਪਾਲਿਸੀ ਅਨੁਸਾਰ ਜਰੂਰੀ ਨਾ ਮੋੜਨ ਯੋਗ ਫੀਸਾਂ ਦੀ ਪ੍ਰਤੀ-ਪੂਰਤੀ ਫੰਡ ਪ੍ਰਾਪਤ ਹੋਣ ਤੇ ਕਰੇਗਾ।

ਉਪਰੋਕਤ ਹਦਾਇਤਾਂ ਦੀ ਇੰਨ-ਬਿਨ ਪਾਲਣਾ ਕਰਵਾਉਣੀ ਯਕੀਨੀ ਬਣਾਈ ਜਾਵੇ ਜੀ।

ਉ/ਸ ਸੱਕਤਰ 12/8/20

ਪਿੱਠ ਅੰਕਣ ਨੰ: 959-961 ਮਿਤੀ: 12ਅਗਸਤ,2015

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ :

1) ਮੁੱਖ ਸੱਕਤਰ, ਪੰਜਾਬ ਸਰਕਾਰ, ਚੰਡੀਗੜ੍ਹ ;
2) ਪ੍ਰਮੁੱਖ ਸੱਕਤਰ ਮਾਨਯੋਗ ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ;
3) ਪ੍ਰਮੁੱਖ ਸੱਕਤਰ, ਵਿੱਤ, ਪੰਜਾਬ,ਚੰਡੀਗੜ੍ਹ;

ਉ/ਸ ਸੱਕਤਰ 12/8/2015

ਪਿੱਠ ਅੰਕਣ ਨੰ: 962 ਮਿਤੀ: 12ਅਗਸਤ,2015

1) ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ,ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਅਤੇ ਪਾਲਣਾ ਹਿੱਤ।

ਉ/ਸ ਸੱਕਤਰ 12/8/2015